12 Beds, 7 Baths For 24 Guests 905-965-4644
ਦੰਦਾਂ ਦੀ ਦੇਖਭਾਲ 647-625-7205
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਸਸਤੀਆਂ ਹਵਾਈ ਟਿਕਟਾਂ 905-595-1700
ਬੈੱਡ ਬਗਾਜ਼ (ਖਟਮਲ) ਖ਼ਤਮ 647-688-3944
12 Beds, 7 Baths For 24 Guests 905-965-4644
ਬੈੱਡ ਬਗਾਜ਼ (ਖਟਮਲ) ਖ਼ਤਮ 647-688-3944
ਮਰਦਾਨਾ ਕਮਜ਼ੋਰੀ 416-992-5489

ਖਿੱਚ ਲਓ ਜੰਗ ਦੀ ਤਿਆਰੀ - ਬ੍ਰਿਟਿਸ਼ PM

ਲੰਡਨ: ਇੱਕ ਪਾਸੇ ਯੂਕ੍ਰੇਨ ਨਾਲ ਜੰਗ ਕਾਰਨ ਰੂਸ ਦਾ ਪੂਰੇ ਯੌਰਪ ਨਾਲ ਵੈਰ ਵਧਦਾ ਜਾ ਰਿਹਾ ਹੈ, ਉੱਥੇ ਹੀ ਇਸ ਵਧਦੇ ਜਾ ਰਹੇ ਤਨਾਅ ਵਿਚਾਲੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਇੱਕ ਬਿਆਨ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਮਿਊਨਿਖ ਸੁਰੱਖਿਆ ਕਾਨਫ਼ਰੰਸ ਦੌਰਾਨ ਯੌਰਪੀ ਦੇਸ਼ਾਂ ਨੂੰ ਅਮਰੀਕਾ 'ਤੇ ਬਹੁਤ ਜ਼ਿਆਦਾ ਨਿਰਭਰਤਾ ਖ਼ਤਮ ਕਰਨ ਦੀ ਸਖ਼ਤ ਚਿਤਾਵਨੀ ਦਿੱਤੀ ਹੈ। ਸਟਾਰਮਰ ਨੇ ਸਾਫ਼ ਕੀਤਾ ਕਿ ਬਦਲਦੇ ਭੂ-ਰਾਜਨੀਤਿਕ ਹਾਲਾਤਾਂ 'ਚ ਹੁਣ ਯੌਰਪ ਨੂੰ ਆਪਣੀ ਰੱਖਿਆ ਲਈ ਖ਼ੁਦਮੁਖ਼ਤਿਆਰੀ ਅਤੇ ਹਾਰਡ ਪਾਵਰ (ਫ਼ੌਜੀ ਤਾਕਤ) ਦਾ ਰਾਹ ਚੁਣਨਾ ਪਵੇਗਾ।

ਸਟਾਰਮਰ ਨੇ ਆਪਣੇ ਭਾਸ਼ਣ 'ਚ ਕਿਹਾ, "ਅਮਰੀਕਾ ਇੱਕ ਲਾਜ਼ਮੀ ਸਹਿਯੋਗੀ ਹੈ, ਪਰ ਵਾਸ਼ਿੰਗਟਨ ਦੀ ਰਾਸ਼ਟਰੀ ਸੁਰੱਖਿਆ ਰਣਨੀਤੀ 'ਚ ਆ ਰਹੇ ਬਦਲਾਅ ਹੁਣ ਨਿਊ ਨੌਰਮਲ ਹਨ। ਸਾਨੂੰ ਆਪਣੇ ਲੋਕਾਂ, ਆਪਣੀਆਂ ਕਦਰਾਂ-ਕੀਮਤਾਂ ਅਤੇ ਆਪਣੀ ਜੀਵਨ- ਸ਼ੈਲੀ ਦੀ ਰੱਖਿਆ ਲਈ ਕਿਸੇ ਵੀ ਹੱਦ ਤਕ ਜਾਣ, ਅਤੇ ਜੇਕਰ ਲੋੜ ਪਈ ਤਾਂ ਜੰਗ ਲੜਨ ਲਈ ਵੀ ਤਿਆਰ ਰਹਿਣਾ ਹੋਵੇਗਾ।"

ਯੌਰਪ ਨੂੰ ਫ਼ੌਜੀ ਸਮਰੱਥਾ ਦੇ ਲਿਹਾਜ਼ ਨਾਲ ਸਲੀਪਿੰਗ ਜਾਇੰਟ ਦੱਸਦਿਆਂ ਉਨ੍ਹਾਂ ਕਿਹਾ ਕਿ ਯੌਰਪੀ ਦੇਸ਼ਾਂ ਦੀ ਸਾਂਝੀ ਆਰਥਿਕਤਾ ਰੂਸ ਨਾਲੋਂ 10 ਗੁਣਾ ਜ਼ਿਆਦਾ ਹੈ, ਪਰ ਫ਼ੌਜੀ ਤੌਰ 'ਤੇ ਅਸੀਂ ਵੱਖ-ਵੱਖ ਹੋਏ ਪਏ ਹਾਂ। ਉਨ੍ਹਾਂ ਇੱਕ ਵਧੇਰੇ ਯੌਰਪੀ NATO ਬਣਾਉਣ ਦਾ ਸੱਦਾ ਦਿੱਤਾ ਤਾਂ ਜੋ ਬਾਹਰੀ ਮਦਦ ਦੀ ਬਜਾਏ ਆਪਣੀ ਤਾਕਤ 'ਤੇ ਨਿਰਭਰ ਰਿਹਾ ਜਾ ਸਕੇ।

ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਸਟਾਰਮਰ ਦੀ ਗੱਲ ਦਾ ਸਮਰਥਨ ਕਰਦਿਆਂ ਕਿਹਾ ਕਿ ਯੌਰਪ ਨੂੰ ਹੁਣ ਇੱਕ ਮਜ਼ਬੂਤ ਭੂ-ਰਾਜਨੀਤਿਕ ਸ਼ਕਤੀ ਵਜੋਂ ਉਭਰਨਾ ਪਵੇਗਾ। ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਡੈਨਮਾਰਕ ਤੋਂ ਗ੍ਰੀਨਲੈਂਡ ਖ਼ਰੀਦਣ ਦੇ ਦਬਾਅ ਅਤੇ NATO ਦੇਸ਼ਾਂ 'ਤੇ ਰੱਖਿਆ ਬਜਟ ਵਧਾਉਣ (GDP ਦਾ ਪੰਜ ਫ਼ੀਸਦੀ) ਦੀਆਂ ਸ਼ਰਤਾਂ ਕਾਰਨ ਅਮਰੀਕਾ ਅਤੇ ਯੌਰਪੀ ਦੇਸ਼ਾਂ 'ਚਾਲੇ ਤਨਾਅ ਪੈਦਾ ਹੋ ਗਿਆ ਹੈ।

ਰੂਸ ਨੇ ਚਿਤਾਵਨੀ ਨੂੰ ਦੱਸਿਆ ਖ਼ੌਫ਼ ਪੈਦਾ ਕਰਨ ਵਾਲੀ: ਦੂਜੇ ਪਾਸੇ ਰੂਸ ਨੇ ਪੱਛਮੀ ਦੇਸ਼ਾਂ ਦੇ ਇਨ੍ਹਾਂ ਬਿਆਨਾਂ ਦੀ ਨਿੰਦਾ ਕੀਤੀ ਹੈ। ਮੌਸਕੋ ਨੇ ਕਿਹਾ ਕਿ ਯੌਰਪ 'ਚ ਫ਼ੌਜੀਕਰਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਅਤੇ ਰੂਸ ਦਾ ਕਿਸੇ ਵੀ ਦੇਸ਼ 'ਤੇ ਹਮਲਾ ਕਰਨ ਦਾ ਕੋਈ ਇਰਾਦਾ ਨਹੀਂ।

ਕਰਜੇ ਤੋਂ ਪਰੇਸ਼ਾਨ? ਮਦਦ ਕਰ ਸਕਦੇ ਹਾਂ 905-783-1922

ਮੂਸੇਵਾਲਾ ਕਤਲ ਕਾਂਡ 'ਚ ਰੇਕੀ ਕਰਨ ਵਾਲਾ ਬੌਬੀ ਕਬੂਤਰ ਗ੍ਰਿਫ਼ਤਾਰ

ਨਵੀਂ ਦਿੱਲੀ: ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਹਾਸ਼ਿਮ ਬਾਬਾ ਅਤੇ ਲੌਰੈਂਸ ਬਿਸ਼ਨੋਈ ਗੈਂਗ ਦੇ ਮੋਸਟ ਵਾਂਟੇਡ ਅਪਰਾਧੀ ਬੌਬੀ ਕਬੂਤਰ ਨੂੰ ਗ੍ਰਿਫ਼ਤਾਰ ਕਰਨ 'ਚ ਸਫ਼ਲਤਾ ਹਾਸਿਲ ਕੀਤੀ ਹੈ। ਪੁਲੀਸ ਸੂਤਰਾਂ ਮੁਤਾਬਿਕ ਇਹ ਖ਼ਤਰਨਾਕ ਬਦਮਾਸ਼ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਦੀ ਰੇਕੀ ਕਰਨ 'ਚ ਵੀ ਸ਼ਾਮਿਲ ਸੀ।

ਪੁਲੀਸ ਅਨੁਸਾਰ ਬੌਬੀ ਕਬੂਤਰ ਨੂੰ ਲੌਰੈਂਸ ਬਿਸ਼ਨੋਈ ਗੈਂਗ ਦਾ ਬੇਹੱਦ ਕਰੀਬੀ ਅਤੇ ਭਰੋਸੇਮੰਦ ਮੈਂਬਰ ਮੰਨਿਆ ਜਾਂਦਾ ਹੈ। ਉਹ ਪਿਛਲੇ ਕਈ ਸਾਲਾਂ ਤੋਂ ਪੁਲੀਸ ਦੀ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ, ਅਤੇ ਗੈਂਗ ਦੀਆਂ ਅਪਰਾਧਿਕ ਗਤੀਵਿਧੀਆਂ 'ਚ ਸਰਗਰਮ ਭੂਮਿਕਾ ਨਿਭਾ ਰਿਹਾ ਸੀ। ਜਾਂਚ 'ਚ ਸਾਹਮਣੇ ਆਇਆ ਹੈ ਕਿ ਸਿੱਧੂ ਮੂਸੇਵਾਲਾ ਦੇ ਹਾਈ-ਪ੍ਰੋਫ਼ਾਈਲ ਕਤਲ ਤੋਂ ਪਹਿਲਾਂ ਬੌਬੀ ਨੇ ਜ਼ਮੀਨੀ ਪੱਧਰ 'ਤੇ ਜਾਣਕਾਰੀ ਇਕੱਠੀ ਕਰਨ ਅਤੇ ਰੇਕੀ ਕਰਨ 'ਚ ਅਹਿਮ ਭੂਮਿਕਾ ਨਿਭਾਈ ਸੀ।

ਦਿੱਲੀ ਦੇ ਸੀਲਮਪੁਰ ਇਲਾਕੇ ਦਾ ਰਹਿਣ ਵਾਲਾ ਬੌਬੀ ਕਬੂਤਰ ਕਈ ਮਾਮਲਿਆਂ 'ਚ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੂੰ ਲੋੜੀਂਦਾ ਸੀ। ਉਸ ਖ਼ਿਲਾਫ਼ ਕਤਲ ਦੇ ਕਈ ਗੰਭੀਰ ਮਾਮਲੇ ਦਰਜ ਹਨ। ਮੂਸੇਵਾਲਾ ਕਤਲ ਕਾਂਡ ਦੇ ਕਰੀਬ ਚਾਰ ਸਾਲਾਂ ਬਾਅਦ ਪੁਲੀਸ ਨੇ ਉਸ ਨੂੰ ਫ਼ੜਨ 'ਚ ਕਾਮਯਾਬੀ ਹਾਸਲ ਕੀਤੀ ਹੈ।

ਰਾਮਦੇਵ ਨੇ AI ਦੀ ਦੁਰਵਰਤੋਂ ਤੋਂ ਮੰਗੀ ਸੁਰੱਖਿਆ



ਨਵੀਂ ਦਿੱਲੀ: ਯੋਗਾ ਗੁਰੂ ਅਤੇ ਪਤੰਜਲੀ ਆਯੁਰਵੇਦ ਦੇ ਸੰਸਥਾਪਕ ਬਾਬਾ ਰਾਮਦੇਵ ਨੇ ਆਪਣੀ ਸ਼ਖ਼ਸੀਅਤ ਅਤੇ ਪ੍ਰਚਾਰ ਅਧਿਕਾਰਾਂ ਦੀ ਤੁਰੰਤ ਸੁਰੱਖਿਆ ਦੀ ਮੰਗ ਕਰਦਿਆਂ ਦਿੱਲੀ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਉਨ੍ਹਾਂ ਨੇ ਦੋਸ਼ ਲਾਇਆ ਹੈ ਕਿ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੁਆਰਾ ਤਿਆਰ ਕੀਤੀ ਗਈ ਸਮੱਗਰੀ ਅਤੇ ਡਿਜੀਟਲ ਪਲੈਟਫ਼ੌਰਮਾਂ 'ਤੇ ਅਣਅਧਿਕਾਰਿਤ ਵਪਾਰਕ ਸ਼ੋਸ਼ਣ ਰਾਹੀਂ ਉਨ੍ਹਾਂ ਦੀ ਪਛਾਣ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਕੀਤੀ ਜਾ ਰਹੀ ਹੈ।

ਇਹ ਮਾਮਲਾ ਜਸਟਿਸ ਜਯੋਤੀ ਸਿੰਘ ਦੇ ਸਾਹਮਣੇ ਪੇਸ਼ ਹੋਇਆ ਜਿਨ੍ਹਾਂ ਨੇ ਰਾਮਦੇਵ ਦੇ ਪੱਖ ਦੇ ਨਾਲ-ਨਾਲ ਵੱਖ-ਵੱਖ ਸੋਸ਼ਲ ਮੀਡੀਆ ਪਲੈਟਫ਼ੌਰਮਾਂ ਦੇ ਵਕੀਲਾਂ ਦੀਆਂ ਦਲੀਲਾਂ ਨੂੰ ਸੰਖੇਪ 'ਚ ਸੁਣਿਆ।

ਸੰਖੇਪ ਸੁਣਵਾਈ ਤੋਂ ਬਾਅਦ, ਅਦਾਲਤ ਨੇ ਇਸ ਕੇਸ ਨੂੰ ਲਈ ਸੂਚੀਬੱਧ ਕਰ ਦਿੱਤਾ ਹੈ, ਅਤੇ ਦੋਵਾਂ ਪੱਖਾਂ ਨੂੰ ਇੱਕ ਵਿਸਤ੍ਰਿਤ ਸੂਚੀ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਹੈ ਜਿਸ 'ਚ ਉਸ ਖ਼ਾਸ ਔਨਲਾਈਨ ਸਮੱਗਰੀ ਦੀ ਪਛਾਣ ਕੀਤੀ ਗਈ ਹੋਵੇ ਜਿਸ 'ਤੇ ਇਤਰਾਜ਼ ਜਤਾਇਆ ਜਾ ਰਿਹਾ ਹੈ। ਸੀਨੀਅਰ ਐਡਵੋਕੇਟ ਰਾਜੀਵ ਨਾਇਰ ਨੇ ਯੋਗਾ ਗੁਰੂ ਦੀ ਨੁਮਾਇੰਦਗੀ ਕਰਦੇ ਹੋਏ ਦਾਅਵਾ ਕੀਤਾ ਕਿ ਰਾਮਦੇਵ ਦਾ ਨਾਮ, ਚਿੱਤਰ, ਆਵਾਜ਼ ਅਤੇ ਸਮੁੱਚੀ ਸ਼ਖ਼ਸੀਅਤ, ਜੋ ਦਹਾਕਿਆਂ ਦੇ ਯੋਗਾ ਕੈਂਪਾਂ ਅਤੇ ਜਨਤਕ ਸੰਪਰਕ ਰਾਹੀਂ ਬਣੀ ਹੈ, ਦੀ ਸਹਿਮਤੀ ਤੋਂ ਬਿਨਾਂ ਦੁਰਵਰਤੋਂ ਕੀਤੀ ਜਾ ਰਹੀ ਹੈ।

ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਅਣਪਛਾਤੇ ਵਿਅਕਤੀ ਅਤੇ ਸੰਸਥਾਵਾਂ AI ਦੁਆਰਾ ਤਿਆਰ ਕੀਤੇ ਗਏ ਡੀਪਫ਼ੇਕ ਵੀਡੀਓਜ਼, ਜਾਅਲੀ ਤਸਵੀਰਾਂ ਅਤੇ ਫ਼ਰਜ਼ੀ ਸੋਸ਼ਲ ਮੀਡੀਆ ਪ੍ਰੋਫ਼ਾਈਲਾਂ ਰਾਹੀਂ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਵਪਾਰਕ ਲਾਭ ਲੈ ਰਹੇ ਹਨ।

ਕਰਜੇ ਤੋਂ ਪਰੇਸ਼ਾਨ? ਮਦਦ ਕਰ ਸਕਦੇ ਹਾਂ 905-783-1922
Vistor Visa 'ਤੇ ਹੋ Work Permit ਖ਼ਤਮ PR ਲਓ 416-848-3930

ਦੱਖਣੀ ਅਫ਼ਰੀਕਾ 'ਚ ਦਫ਼ਨਾਉਣ ਦੇ ਨਵੇਂ ਕਾਨੂੰਨ ਵਿਰੁਧ ਇੱਕਜੁੱਟ ਹੋਏ ਹਿੰਦੂ ਅਤੇ ਮੁਸਲਮਾਨ

ਜੋਹੈਨਸਨਬਰਗ: ਦਖਣੀ ਅਫ਼ਰੀਕਾ ਦੇ ਹਿੰਦੂ ਅਤੇ ਮੁਸਲਿਮ ਸੰਗਠਨਾਂ ਨੇ ਇੱਕ ਪ੍ਰਸਤਾਵਿਤ ਕਾਨੂੰਨ 'ਤੇ ਇਤਰਾਜ਼ ਪ੍ਰਗਟਾਇਆ ਹੈ ਜਿਸ ਨਾਲ ਸੰਸਕਾਰ ਅਤੇ ਦਫ਼ਨਾਉਣ 'ਚ ਕਈ ਦਿਨਾਂ ਤਕ ਦੀ ਦੇਰੀ ਹੋ ਸਕਦੀ ਹੈ। ਰਿਵਾਇਤੀ ਤੌਰ 'ਤੇ ਇਨ੍ਹਾਂ ਧਰਮਾਂ 'ਚ ਮੌਤ ਦੇ ਉਸੇ ਦਿਨ ਜਾਂ ਜਿੰਨੀ ਜਲਦੀ ਹੋ ਸਕੇ ਸੰਸਕਾਰ ਅਤੇ ਦਫ਼ਨਾਉਣ ਕੀਤੇ ਜਾਂਦੇ ਹਨ। ਪਰ ਪ੍ਰਸਤਾਵਿਤ ਕਾਨੂੰਨ ਤਹਿਤ ਸੰਗਠਨਾਂ ਅਤੇ ਵਿਅਕਤੀਆਂ ਨੂੰ ਸੰਸਕਾਰ ਜਾਂ ਦਫ਼ਨਾਉਣ ਤੋਂ ਪਹਿਲਾਂ ਗ੍ਰਹਿ ਵਿਭਾਗ ਤੋਂ ਇਲੈਕਟ੍ਰੌਨਿਕ ਮੌਤ ਸਰਟੀਫ਼ਿਕੇਟ ਪ੍ਰਾਪਤ ਕਰਨ ਦੀ ਜ਼ਰੂਰਤ ਹੋਏਗੀ। ਵੱਖ-ਵੱਖ ਸੰਗਠਨਾਂ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਅਵਿਵਹਾਰਕ ਹੋ ਜਾਵੇਗਾ ਜਦੋਂ ਵਿਭਾਗ ਨੂੰ ਹਫ਼ਤੇ ਦੇ ਅੰਤ 'ਚ ਅਤੇ ਕਈ ਵਾਰ ਜਨਤਕ ਛੁੱਟੀਆਂ ਲਈ ਚਾਰ ਦਿਨਾਂ ਲਈ ਬੰਦ ਕੀਤਾ ਜਾਂਦਾ ਹੈ ਜਿਵੇਂ ਕਿ ਈਸਟਰ ਵੀਕੈਂਡ ਦੌਰਾਨ। ਵਿਭਾਗ ਨੂੰ ਇੱਕ ਚਿੱਠੀ 'ਚ ਹਿੰਦੂ ਕੋਔਰਡੀਨੇਟਿੰਗ ਕੌਂਸਲ (HCC) ਨੇ ਸੰਸਾਰ ਦੇ ਹਿੰਦੂ ਚੱਕਰ ਦੀ ਵਿਆਖਿਆ ਕੀਤੀ ਜਿਸ 'ਚ ਜਨਮ, ਮੌਤ ਅਤੇ ਪੁਨਰ ਜਨਮ ਸ਼ਾਮਿਲ ਹੈ।

ਉਨ੍ਹਾਂ ਕਿਹਾ, "ਹਿੰਦੂਆਂ ਨੂੰ ਚਿੰਤਾ ਹੈ ਕਿ ਇਹ ਪ੍ਰਸਤਾਵ ਸਾਡੇ ਧਾਰਮਕ ਰੀਤੀ-ਰਿਵਾਜ਼ਾਂ ਅਤੇ ਵਿਸ਼ਵਾਸਾਂ ਦੀ ਉਲੰਘਣਾ ਕਰੇਗਾ। ਹਿੰਦੂ ਪ੍ਰੰਪਰਾ 'ਚ ਸੰਸਕਾਰ ਇੱਕ ਪਵਿੱਤਰ ਰਸਮ ਹੈ ਜੋ ਮੌਤ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਕੀਤੀ ਜਾਣੀ ਚਾਹੀਦੀ ਹੈ, ਆਮ ਤੌਰ ਉੱਤੇ 24 ਘੰਟਿਆਂ ਦੇ ਅੰਦਰ।" HCC ਦੇ ਚੇਅਰਮੈਨ ਕਿਸ਼ੋਰ ਬਾਦਲ ਨੇ ਚਿੱਠੀ 'ਚ ਕਿਹਾ, "ਇਲੈਕਟ੍ਰੌਨਿਕ ਮੌਤ ਸਰਟੀਫ਼ਿਕੇਟ ਪ੍ਰਾਪਤ ਕਰਨ 'ਚ ਦੇਰੀ ਦੁੱਖੀ ਪਰਿਵਾਰਾਂ ਨੂੰ ਅਣਉਚਿੱਤ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ, ਅਤੇ ਸੰਭਾਵਿਤ ਤੌਰ 'ਤੇ ਸਾਡੀਆਂ ਧਾਰਮਿਕ ਜ਼ਿੰਮੇਵਾਰੀਆਂ ਦੀ ਉਲੰਘਣਾ ਕਰ ਸਕਦੀ ਹੈ।"

ਸਰੀ ਅਤੇ ਨਿਊ ਵੈੱਸਟਮਿਨਸਟਰ ਨੂੰ ਜੋੜਨ ਵਾਲਾ 89 ਸਾਲ ਪੁਰਾਣਾ ਪੁੱਲ ਬੰਦ

ਵੈਨਕੂਵਰ: ਸਰੀ ਅਤੇ ਨਿਊ ਵੈੱਸਟਮਿਨਸਟਰ ਨੂੰ ਆਪਸ 'ਚ ਜੋੜਨ ਵਾਲਾ 89 ਸਾਲ ਪੁਰਾਣਾ ਪਟੁੱਲੋ ਪੁੱਲ ਵਾਹਨਾਂ ਦੀ ਆਵਾਜਾਈ ਲਈ ਸਦਾ ਲਈ ਬੰਦ ਕਰ ਦਿੱਤਾ ਗਿਆ। ਸ਼ਨੀਵਾਰ ਸਵੇਰੇ 7 ਵਜੇ ਤੋਂ ਪੁੱਲ 'ਤੇ ਗੱਡੀਆਂ ਦੀ ਆਵਾਜਾਈ ਪੂਰੀ ਤਰ੍ਹਾਂ ਰੋਕ ਦਿੱਤੀ ਗਈ ਹੈ ਜਿਸ ਨਾਲ ਫ਼ੇਜ਼ਰ ਦਰਿਆ 'ਤੇ ਦਹਾਕਿਆਂ ਤੋਂ ਚੱਲ ਰਹੀ ਆਵਾਜਾਈ ਦਾ ਇੱਕ ਯੁੱਗ ਸਮਾਪਤ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਪੁੱਲ ਰਾਹੀਂ ਹਰ ਰੋਜ਼ ਹਜ਼ਾਰਾਂ ਵਾਹਨ ਆਵਾਜਾਈ ਲਈ ਗੁਜ਼ਰਦੇ ਸਨ।

ਪਟੁੱਲੋ ਪੁਲ ਨੇ ਪਿਛਲੇ ਕਈ ਦਹਾਕਿਆਂ ਤਕ ਰਾਹਗੀਰਾਂ ਨੂੰ ਆਵਾਜਾਈ ਦੀ ਸਹੂਲਤ ਪ੍ਰਦਾਨ ਕੀਤੀ ਸੀ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਫ਼ੇਜ਼ਰ ਦਰਿਆ ਉਪਰ ਹੀ ਪਟੁੱਲੋ ਪੁੱਲ ਦੇ ਨਾਲ ਉਸਾਰੇ ਗਏ ਚਾਰ ਲਾਈਨਾਂ ਵਾਲੇ ਇੱਕ ਨਵੇਂ ਪੁੱਲ ਤੋਂ ਆਵਾਜਾਈ ਨੂੰ ਹਰੀ ਝੰਡੀ ਮਿਲਣ ਤੋਂ ਬਾਅਦ ਹੀ ਪੁਰਾਣੇ ਪੁੱਲ ਪਟੁੱਲੋ ਬ੍ਰਿਜ ਨੂੰ ਬੰਦ ਕਰਨ ਸਬੰਧੀ ਉਕਤ ਫ਼ੈਸਲਾ ਲਿਆ ਗਿਆ ਹੈ।

Home Care Workers ਅਤੇ Nanies ਲਈ PR 416-848-3930
Line of Credit Fix Bad Credit Get OSAP Loan 905-965-4644
ਦੰਦ ਲਗਵਾਓ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
Vistor Visa 'ਤੇ ਹੋ Work Permit ਖ਼ਤਮ PR ਲਓ 416-848-3930
ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
Home Care Workers ਅਤੇ Nanies ਲਈ PR 416-848-3930
Home Care Workers ਅਤੇ Nanies ਲਈ PR 416-848-3930
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਲੀਗਲ ਸੇਵਾਵਾਂ 905-913-2355
Line of Credit Fix Bad Credit Get OSAP Loan 905-965-4644
ਵਕੀਲ ਦੀ ਲੋੜ? 905-362-0755

US ਛੱਡਣ ਵਾਲੇ ਸਿੱਖ ਨੇ ਪੰਜਾਬ ਨੂੰ ਦੱਸਿਆ ਹਰ ਪੱਖੋਂ ਬੇਹਤਰ

ਚੰਡੀਗੜ੍ਹ: ਅੱਜ ਦੇ ਸਮੇਂ ਹਰ ਨੌਜਵਾਨ ਵਿਦੇਸ਼ ਜਾਣ ਦੇ ਸੁਪਨੇ ਵੇਖ ਰਿਹਾ ਹੈ। ਪਰ ਇਸ ਦੇ ਬਿਲਕੁੱਲ ਉਲਟ ਕੈਲੇਫ਼ੋਰਨੀਆ ਯੂਨੀਵਰਸਿਟੀ ਤੋਂ ਪੜ੍ਹੇ ਸੰਜਮ ਸਿੰਘ ਧਾਲੀਵਾਲ ਨੇ ਅਮਰੀਕਾ ਵਰਗੇ ਦੇਸ਼ ਨੂੰ ਛੱਡ ਕੇ ਵਾਪਿਸ ਆਪਣੇ ਪੰਜਾਬ ਆਉਣ ਦਾ ਫ਼ੈਸਲਾ ਕੀਤਾ। ਜਦੋਂ ਉਸ ਨੂੰ ਪੁੱਛਿਆ ਕਿ ਉਸ ਨੇ ਅਮਰੀਕਾ ਵਰਗੇ ਦੇਸ਼ ਨੂੰ ਕਿਉਂ ਛੱਡ ਦਿੱਤਾ ਤਾਂ ਉਸ ਕੋਲ ਇਸ ਦਾ ਸਿਰਫ਼ ਇੱਕ ਸ਼ਬਦ 'ਚ ਜਵਾਬ ਸੀ ਭਾਈਚਾਰਕ ਸਾਂਝ। ਸੰਜਮ ਨੇ ਪੰਜਾਬ 'ਚ ਰਹਿਣ ਦੇ ਸਕੂਨ ਅਤੇ ਜੀਵਨ ਦੀ ਸਹੂਲਤ ਨੂੰ ਪੈਸੇ ਨਾਲੋਂ ਜ਼ਿਆਦਾ ਕੀਮਤੀ ਦੱਸਿਆ।

ਉਸ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਕਿਵੇਂ ਅਮਰੀਕਾ ਅਤੇ ਭਾਰਤ 'ਚ ਕੰਮ ਕਰਨ ਦਾ ਤਰੀਕਾ ਬਿਲਕੁੱਲ ਵੱਖਰਾ ਹੈ। ਅਮਰੀਕਾ 'ਚ ਇੱਕ ਸਰਕਾਰੀ ਕੂੜੇ ਵਾਲੇ ਟਰੱਕ ਨੇ ਉਸ ਦੀ ਕਾਰ ਨੂੰ ਨੁਕਸਾਨ ਦੋਸਤਾਂ ਨੂੰ ਖ਼ੁਦ ਹੀ ਮਿਹਨਤ ਕਰ ਪਹੁੰਚਾਇਆ, ਪਰ ਨਾ ਤਾਂ ਪ੍ਰਸ਼ਾਸ਼ਨ ਨੇ ਅਤੇ ਨਾ ਹੀ ਬੀਮਾ ਕੰਪਨੀ ਨੇ ਉਸ ਦੀ ਕੋਈ ਮਦਦ ਕੀਤੀ। ਰਿਪੇਅਰ ਦੀ ਕੀਮਤ ਹਜ਼ਾਰਾਂ ਡਾਲਰ ਦੱਸੀ ਗਈ ਜਿਸ ਤੋਂ ਬਾਅਦ ਉਸ ਨੂੰ ਅਤੇ ਉਸ ਦੇ ਕੇ ਗੱਡੀ ਠੀਕ ਕਰਨੀ ਪਈ।

ਇਸ ਦੇ ਉਲਟ ਪੰਜਾਬ 'ਚ ਜਦੋਂ ਉਸ ਦੀ ਕਾਰ ਦਾ ਕਲੱਚ ਖ਼ਰਾਬ ਹੋਇਆ ਤਾਂ ਮਕੈਨਿਕ ਨੇ ਇੱਕ ਫ਼ੋਨ 'ਤੇ ਤੁਰੰਤ ਆ ਕੇ ਉਸੇ ਦਿਨ ਗੱਡੀ ਠੀਕ ਕਰ ਦਿੱਤੀ। ਸੰਜਮ ਅਨੁਸਾਰ ਪੰਜਾਬ 'ਚ ਮਕੈਨਿਕ ਦਾ ਧਿਆਨ ਪਹਿਲਾਂ ਮਦਦ ਕਰਨ 'ਤੇ ਸੀ ਅਤੇ ਪੈਸਿਆਂ ਦੀ ਗੱਲ ਬਾਅਦ 'ਚ ਹੋਈ।

ਉਸ ਨੇ ਮਹਿਸੂਸ ਕੀਤਾ ਕਿ ਜੋ ਪਿਆਰ ਅਤੇ ਸਹਿਯੋਗ ਪੰਜਾਬ 'ਚ ਮਿਲਦਾ ਹੈ, ਉਹ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਨਹੀਂ ਮਿਲ ਸਕਦਾ। ਮਜ਼ਾਕੀਆ ਲਹਿਜ਼ੇ 'ਚ ਉਸ ਨੇ ਅੰਮ੍ਰਿਤਸਰੀ ਕੁਲਚੇ ਨੂੰ ਵੀ ਆਪਣੀ ਵਾਪਸੀ ਦਾ ਇੱਕ ਵੱਡਾ ਕਾਰਨ ਦੱਸਿਆ। ਸੰਜਮ ਦੀ ਇਸ ਵੀਡੀਓ ਨੇ ਇੰਟਰਨੈੱਟ 'ਤੇ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਜਿੱਥੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਭਾਰਤ 'ਚ ਮਜ਼ਦੂਰੀ ਸਸਤੀ ਹੋਣ ਕਰ ਕੇ ਸੇਵਾਵਾਂ ਆਸਾਨ ਹਨ, ਉੱਥੇ ਹੀ ਬਹੁਤ ਸਾਰੇ ਲੋਕਾਂ ਨ